# ਵਚਨਬੱਧਤਾ ਦਾ ਰਿਕਾਰਡ

ਰਸੂਲਾਂ ਦੇ ਕੰਮ ਕਿਤਾਬ ਬਦਲਾਅ ਦੀ ਕਿਤਾਬ ਹੈ। ਇਸ ਵਿਚ ਫ਼ੈਸਲਾ ਲੈਣ ''ਹੁਣ ਹੁਕਮ ਮੰਨਣ'' ਜਾਂ ਯਿਸੂ ਦੀ ਪੁਕਾਰ ਨੂੰ ਰੱਦਣ ਦਾ ਸਮਾਂ ਮਿਲਦਾ ਹੈ। ਇਹ ਜਵਾਬਾਂ ਲਈ ਅਤੇ ਖਿੱਚਣ ਵਾਲੀ ਖ਼ੁਦਾ ਦੀ ਕਿਰਪਾ ਦੀ ਸਮਰੱਥਾ ਨੂੰ ਕਬੂਲ ਕਰਨ ਦੀਆਂ ਔਰਤਾਂ ਅਤੇ ਮਰਦਾਂ ਕੋਲ ਬੇਨਤੀਆਂ ਦੀਆਂ ਰਸੂਲਾਂ ਦੀਆਂ ਲਗਾਤਾਰ ਕੋਸ਼ਿਸ਼ਾਂ ਬਾਰੇ ਦੱਸਦੀ ਹੈ। ਪਾਠਕ ਇਸ ਸੱਚਿਆਈ ਤੋਂ ਦੰਗ ਰਹਿ ਜਾਂਦਾ ਹੈ ਕਿ ਯਿਸੂ ਦੀ ਕਹਾਣੀ ਫੌਰਨ ਅਤੇ ਓਸੇ ਵੇਲੇ ਬਦਲਾਅ ਦੀ ਮੰਗ ਕਰਦੀ ਸੀ।

ਇਸ ਕਿਤਾਬ ਵਿਚ ਕਿਸੇ ਵਿਚਲੇ ਜਾਂ ਫ਼ੈਸਲਾ ਲੈਣ ਵਿਚ ਦੇਰੀ ਕਰਨ ਵਾਲੇ ਲਈ ਕੋਈ ਸੁਰੱਖਿਅਤ ਥਾਂ ਨਹੀਂ ਯਾਨੀ ਸ਼ੱਕ ਕਰਨ ਵਾਲੇ ਲਈ ਕੋਈ ਤਸੱਲੀ ਨਹੀਂ ਅਤੇ ਵਿਚਲਾ ਰਾਹ ਲੱਭਣ ਦੀ ਕੋਸ਼ਿਸ਼ ਕਰਨ ਵਾਲਿਆਂ ਲਈ ਕੋਈ ਹਮਦਰਦੀ ਨਹੀਂ ਮਿਲਦੀ। ਹਰ ਕਹਾਣੀ ਜਾਂ ਤਾਂ ਪੱਕੀ ਵਚਨਬੱਧਤਾ ਜਾਂ ਠੁਕਰਾਉਣ ਦੀ ਅਤੇ ਕਈ ਵਾਰ ਤਾਂ ਗੁੱਸੇ ਨਾਲ ਠੁਕਰਾਉਣ ਦੀ ਵੀ ਗੱਲ ਕਰਦੀ ਹੈ ਜਿਸ ਨਾਲ ਪ੍ਰਚਾਰਕ ਨੂੰ ਸਤਾਅ ਸਹਿਣਾ ਪੈਂਦਾ ਹੈ। ਇਹ ਯਿਸੂ ਦੀ ਉਸ ਗੱਲ ਦਾ ਕਿ ''ਜੋ ਮੇਰੇ ਨਾਲ ਨਹੀਂ ਸੋ ਮੇਰੇ ਵਿਰੁੱਧ ਹੈ ਅਤੇ ਜੋ ਮੇਰੇ ਸੰਗ ਇਕੱਠਾ ਨਹੀਂ ਕਰਦਾ ਸੋ ਖਿੰਡਾਉਂਦਾ ਹੈ'' (ਮੱਤੀ 12:30) ਬੜੀ ਸਖ਼ਤ ਯਾਦਦਹਾਨੀ ਹੈ।

## ਪਹਿਲੇ ਚੇਲਿਆਂ ਦੀ ਵਚਨਬੱਧਤਾ

ਯਿਸੂ ਦੇ ਜੀਵਨ ਦੇ ਸਿਖਰ ਵੇਲੇ ਚੇਲੇ ਕਮਜ਼ੋਰ, ਘਬਰਾਏ ਹੋਏ, ਡਾਵਾਂਡੋਲ ਅਤੇ ਡਰਪੋਕ ਬਣੇ ਹੋਏ ਸਨ। ਯਿਸੂ ਦੀ ਗ੍ਰਿਫ਼ਤਾਰੀ ਵੇਲੇ ਉਹ ਸਭ ਉਹਨੂੰ ਛੱਡ ਕੇ ਨੱਸ ਗਏ ਸਨ (ਮੱਤੀ 26:56; ਮਰਕੁਸ 14:50)। ਪਤਰਸ ਦੂਰੋਂ ਹੀ ਉਹਦੇ ਮਗਰ-ਮਗਰ ਰਿਹਾ (ਮਰਕੁਸ 14:54; ਲੂਕਾ 22:54) ਪਰ ਉਹਨੂੰ ਬੁਰਾ-ਭਲਾ ਆਖ ਕੇ ਪਛਾਣਨ ਤੋਂ ਇਨਕਾਰ ਕਰ ਦਿੱਤਾ ਸੀ (ਲੂਕਾ 22:60)। ਯੂਹੰਨਾ, ਯੂਹੰਨਾ 18:15, 16 ਵਿਚਲੇ ਬੰਦੇ ਦਾ ਹੀ ਨਾਂਅ ਹੈ ਜੋ ਯਿਸੂ ਨਾਲ ਪ੍ਰਧਾਨ ਯਾਜਕ ਦੇ ਅਹਾਤੇ ਵਿਚ ਵੜਨ ਸਮੇਂ ਬੜਾ ਫ਼ਿਕਰਮੰਦ ਸੀ, ਕਿਉਂਕਿ ਪ੍ਰਧਾਨ ਯਾਜਕ ਉਹਨੂੰ ਪਛਾਣਦਾ ਸੀ। ਬਾਅਦ ਵਿਚ ਉਹ ਬਾਹਰ ਜਾ ਕੇ ਪਤਰਸ ਨੂੰ ਆਪਣੇ ਨਾਲ ਅੰਦਰ ਲੈ ਆਇਆ। ਪਰ ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਯਿਸੂ ਦੇ ਪੱਖ ਵਿਚ ਬੋਲਦੇ ਜਾਂ ਯਿਸੂ ਬਾਰੇ ਪਿਲਾਤੁਸ ਦੇ ਫ਼ੈਸਲੇ 'ਤੇ ਇਤਰਾਜ਼ ਦਰਜ ਕਰਾਉਂਦੇ ਨਹੀਂ ਵਿਖਾਇਆ ਗਿਆ। ਉਨ੍ਹਾਂ ਨੇ ਨਾ ਤਾਂ ਸਲੀਬ ਨੂੰ ਲਿਜਾਣ ਵਿਚ ਮਦਦ ਕੀਤੀ ਅਤੇ ਨਾ ਯਿਸੂ ਦੀ ਲਾਸ਼ ਨੂੰ ਦਫ਼ਨਾਉਣ ਵਿਚ (ਲੂਕਾ 23:50-53)!

ਪਰ ਬਾਅਦ ਵਿਚ ਇਨ੍ਹਾਂ ਲੋਕਾਂ ਨੇ ਉਹਦੇ ਜੀ ਉੱਠਣ ਦੀ ਸ਼ਾਨਦਾਰ ਅਤੇ ਬੇਖ਼ੌਫ ਹੋ ਕੇ ਗਵਾਹੀ ਦਿੱਤੀ, ਅਤੇ ਅਜਿਹਾ ਉਨ੍ਹਾਂ ਨੇ ਬੜੀ ਸਮਰੱਥਾ ਨਾਲ ਕੀਤਾ (ਰਸੂਲਾਂ ਦੇ ਕੰਮ 4:33)। ਸਤਾਏ ਜਾਣ 'ਤੇ ਉਨ੍ਹਾਂ ਨੇ ਯਿਸੂ ਦੇ ਮਸੀਹ ਹੋਣ ਦਾ ਪ੍ਰਚਾਰ ਬੜੀ ਦਲੇਰੀ ਨਾਲ ਕਰਨ ਲਈ

ਦੁਆ ਕੀਤੀ, ਜਦ ਕਿ ਹੁਣੇ-ਹੁਣੇ ਉਨ੍ਹਾਂ ਨੂੰ ਅਜਿਹਾ ਨਾ ਕਰਨ ਦਾ ਫ਼ਰਮਾਨ ਮਿਲਿਆ ਸੀ (ਰਸੂਲਾਂ ਦੇ ਕੰਮ 4:29)। ਉਨ੍ਹਾਂ ਨੂੰ ਯਿਸੂ ਦੇ ਨਾਂਅ ਵਿਚ ਕੁਝ ਵੀ ਨਾ ਬੋਲਣ ਲਈ ਆਖਿਆ ਗਿਆ ਸੀ (ਰਸੂਲਾਂ ਦੇ ਕੰਮ 4:18), ਪਰ ਉਨ੍ਹਾ ਨੇ ਯਹੂਦੀ ਅਧਿਕਾਰੀਆਂ ਦੀ ਸੁਣਨ ਦੀ ਬਜਾਏ ਯਿਸੂ ਦੀ ਗੱਲ ਵੱਲ ਧਿਆਨ ਦਿੱਤਾ (ਰਸੂਲਾਂ ਦੇ ਕੰਮ 4:19, 20; 5:28, 29)।

ਇਹ ਰਸੂਲ ਵਧਦੇ ਜ਼ੁਲਮਾਂ ਨੂੰ ਸਹਿੰਦੇ ਰਹੇ। ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿਚ ਸੁੱਟ ਦਿੱਤਾ ਗਿਆ, ਪਰ ਫ਼ਰਿਸ਼ਤੇ ਵੱਲੋਂ ਛੁਡਾਏ ਜਾਣ ਤੋਂ ਬਾਅਦ ਉਹ ਫੇਰ ਪ੍ਰਚਾਰ ਕਰਨ ਲੱਗ ਪਏ (ਰਸੂਲਾਂ ਦੇ ਕੰਮ 5:18-20)। ਜਦ ਮਹਾਂਸਭਾ ਸਾਹਮਣੇ ਲਿਆ ਕੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਗਈ, ਡਰਾਇਆ ਅਤੇ ਧਮਕਾਇਆ ਗਿਆ, ਫਟਕਾਰਿਆ ਗਿਆ, ਅਤੇ ਅਖ਼ੀਰ ਵਿਚ ਮਾਰ ਕੁੱਟ ਕੇ ਗ਼ੈਰ ਕਾਨੂੰਨੀ ਢੰਗ ਨਾਲ ਕੋੜੇ ਮਾਰੇ ਗਏ (ਰਸੂਲਾਂ ਦੇ ਕੰਮ 5:27-40) ਤਾਂ ਵੀ ਦੇਸ਼ ਦੇ ਉੱਚੇ ਅਹੁਦੇ 'ਤੇ ਬੈਠੇ ਯਹੂਦੀਆਂ ਵੱਲੋਂ ਲੋਕਾਂ ਸਾਹਮਣੇ ਸਖ਼ਤ ਸਜ਼ਾ ਸਹਿ ਕੇ ਅਤੇ ਯਰੂਸ਼ਲਮ ਦੀਆਂ ਧੂੜ ਭਰੀਆਂ ਗਲੀਆਂ ਵਿੱਚੋਂ ਘਸੀਟੇ ਜਾਣ 'ਤੇ ਵੀ ਇਹ ਰਸੂਲ ਆਨੰਦ ਕਰਦੇ ਹੋਏ ਆਪਣੇ ਮਸੀਹੀ ਸਾਥੀਆਂ ਕੋਲ ਮੁੜ ਆਏ ਕਿ ਉਹ ਯਿਸੂ ਦੇ ਨਾਂਅ ਕਾਰਨ ਜ਼ਲੀਲ ਹੋਣ ਦੇ ਯੋਗ ਤਾਂ ਠਹਿਰੇ (ਰਸੂਲਾਂ ਦੇ ਕੰਮ 5:41)! ਜਾਨੋ ਮਾਰਨ ਦੀਆਂ ਧਮਕੀਆਂ ਦੇ ਸਤਾਵਾਂ ਦੇ ਬਾਵਜੂਦ, ਇਹ ਲੋਕ ਜੋ ਪਹਿਲਾਂ ਲੇਲੇ ਵਰਗੇ ਸਨ, ਹੁਣ ਬੇਖ਼ੌਫ਼ ਸ਼ੇਰ ਬਣਕੇ ਜਿੱਥੇ ਵੀ ਮੌਕਾ ਮਿਲਦਾ ਹਰ ਰੋਜ਼ ਯਿਸੂ ਦਾ ਪ੍ਰਚਾਰ ਕਰਦੇ ਸਨ (ਰਸੂਲਾਂ ਦੇ ਕੰਮ 5:42)।

ਔਰਤਾਂ ਕਾਫ਼ੀ ਫ਼ਰਕ ਸਨ ਕਿਉਂਕਿ ਉਹ ਯਿਸੂ ਦੀ ਮੌਤ 'ਤੇ ਪਿੱਛੇ ਬਹਿ ਕੇ ਰੋਂਦੀਆਂ ਰਹੀਆਂ, ਪਰ ਉਨ੍ਹਾਂ ਨੇ ਜਜ਼ਬਾਤੀ ਬੁਜ਼ਦਿਲੀ ਨਹੀਂ ਵਿਖਾਈ (ਲੂਕਾ 23:27-31)। ਉਨ੍ਹਾਂ ਨੇ ਯਿਸੂ ਦੀ ਕਬਰ ਨੂੰ ਸਵਾਰਿਆ (ਲੂਕਾ 23:55, 56) ਅਤੇ ਹਫ਼ਤੇ ਦੇ ਪਹਿਲੇ ਦਿਨ ਕਬਰ ਵਾਲੀ ਥਾਂ ਮੂੰਹ ਹਨੇਰੇ ਗਈਆਂ (ਮੱਤੀ 28:1)। ਇਨ੍ਹਾਂ ਔਰਤਾਂ ਅਰਥਾਤ ਯਿਸੂ ਦੀ ਮਾਤਾ ਮਰੀਅਮ, ਮਰੀਅਮ ਮਗਦਲੀਨੀ, ਸਲੋਮੀ, ਯੋਅੰਨਾ ਅਤੇ ''ਦੂਜੀ ਮਰੀਅਮ'' (ਸ਼ਾਇਦ ਯਾਕੂਬ ਦੀ ਮਾਤਾ) ਨੇ ਖਾਲੀ ਕਬਰ ਨੂੰ ਸਭ ਤੋਂ ਪਹਿਲਾਂ ਵੇਖਿਆ ਸੀ (ਮੱਤੀ 28:1; ਮਰਕੁਸ 16:1, 2; ਲੂਕਾ 24:10)।

ਇਹ ਔਰਤਾਂ ਵੀ ਪੂਰੀ ਨਿਹਚਾ ਨਾਲ ਮੱਥਿਆਸ ਦੇ ਰਸੂਲ ਚੁਣੇ ਜਾਣ ਸਮੇਂ ਚੁਬਾਰੇ ਵਾਲੇ ਕਮਰੇ ਵਿਚ ਇਕੱਠੇ ਹੋਏ 120 ਚੇਲਿਆਂ ਵਿੱਚੋਂ ਸਨ (ਰਸੂਲਾਂ ਦੇ ਕੰਮ 1:14-26)। ਇਸ ਕਰਕੇ ਲਗਦਾ ਹੈ ਕਿ ਯਿਸੂ ਦੇ ਚੇਲਿਆਂ ਵਿਚ ਔਰਤਾਂ ਹਮੇਸ਼ਾ ਉਹਦੀਆਂ ਅਜ਼ਮਾਇਸ਼ਾਂ, ਸਲੀਬ ਚੜ੍ਹਾਏ ਜਾਣ, ਉਹਦੀ ਮੌਤ ਅਤੇ ਦਫ਼ਨਾਏ ਜਾਣ ਵੇਲੇ ਬੜੀ ਦੀਨਤਾ ਨਾਲ ਪੂਰੀ ਤਰ੍ਹਾਂ ਸਹਿਯੋਗ ਦਿੰਦੀਆਂ ਰਹੀਆਂ। ਉਹਦੇ ਜੀ ਉੱਠਣ ਦੇ ਬਾਅਦ ਵੀ ਉਹ ਈਮਾਨਦਾਰੀ ਨਾਲ ਵਚਨਬੱਧ ਰਹੀਆਂ ਅਤੇ ਪਤਰਸ ਦੇ ਜੇਲ੍ਹ ਜਾਣ ਵੇਲੇ ਵੀ ਇਕ ਵਾਰ ਉਨ੍ਹਾਂ ਨੇ ਔਰਤਾਂ ਦੀਆਂ ਖ਼ਾਸ ਪ੍ਰਾਰਥਨਾ ਸਭਾਵਾਂ ਕੀਤੀਆਂ (ਰਸੂਲਾਂ ਦੇ ਕੰਮ 12:12)।

ਅਰਿਮਥੇਆ ਦੇ ਯੂਸੁਫ਼ ਨੇ ਸਲੀਬ ਤੋਂ ਯਿਸੂ ਦੀ ਲਾਸ਼ ਮੰਗ ਕੇ ਉਹਨੂੰ ਦਫ਼ਨਾ ਦਿੱਤਾ। ਉਹਦਾ ਚੇਲਾ ਹੋਣਾ ਬਿਲਕੁਲ ਹੀ ਗ਼ੈਰ ਮਾਮੂਲੀ ਗੱਲ ਹੈ ਕਿਉਂਕਿ ਉਹ ਮਹਾਂਸਭਾ ਦਾ ਮੈਂਬਰ ਵੀ ਸੀ (ਲੂਕਾ 23:50)। ''ਯਹੂਦੀਆਂ ਦੇ ਡਰ ਕਰਕੇ'' ਉਹਨੇ ਆਪਣੇ ਵਿਸ਼ਵਾਸ ਨੂੰ ਗੁਪਤ ਰੱਖਿਆ ਸੀ (ਯੂਹੰਨਾ 19:38)। ਯਿਸੂ ਦੀ ਲਾਸ਼ ਖੁੱਲ੍ਹੇਆਮ ਮੰਗਣ ਨਾਲ ਇਹ ਪੱਕਾ ਹੋ ਗਿਆ ਸੀ ਕਿ ਉਹ ਗੁਪਤ ਚੇਲਾ ਨਹੀਂ ਰਿਹਾ ਹੋਵੇਗਾ। ਲਾਸ਼ ਦਫ਼ਨਾਉਣ ਅਤੇ ਮਸਾਲੇ ਲਾਉਣ ਲਈ ਨਿਕੁਦੇਮੁਸ ਨੇ ਯੂਸੁਫ਼ ਦੀ ਮਦਦ ਕੀਤੀ (ਯੂਹੰਨਾ 19:39, 40)। ਉਹ

ਮਹਾਂਸਭਾ ਦਾ ਮੈਂਬਰ ਹੁਣ ''ਯਹੂਦੀਆਂ ਦਾ ਇਕ ਸਰਦਾਰ'' ਵੀ ਸੀ (ਯੂਹੰਨਾ 3:1)। ਇਨ੍ਹਾਂ ਦੋਹਾਂ ਨੇ ਯਿਸੂ ਦੀ ਲਾਸ਼ ਨੂੰ ਦਫ਼ਨਾਉਣ ਵਿਚ ਹਿੱਸਾ ਲੈ ਕੇ ਬੜੀ ਦਲੇਰੀ ਦਾ ਕੰਮ ਕੀਤਾ, ਇਸ ਕਰਕੇ ਇਹ ਮੰਨਿਆ ਜਾ ਸਕਦਾ ਹੈ ਕਿ ਯਿਸੂ ਲਈ ਉਨ੍ਹਾਂ ਦੀ ਵਚਨਬੱਧਤਾ ਵਿਖਾਉਣ ਦੇ ਬਾਅਦ ਮਹਾਂਸਭਾ ਅਤੇ ਯਹੂਦੀ ਸਮਾਜ ਵਿਚ ਉਨ੍ਹਾਂ ਦੀ ਅਹਿਮੀਅਤ ਬਹੁਤ ਬਦਲ ਗਈ ਹੋਵੇਗੀ।

120 ਭਾਈਆਂ ਨੇ ਯਿਸੂ ਦੇ ਸਲੀਬ ਦਿੱਤੇ ਜਾਣ ਦੇ ਬਾਅਦ ਛੇ ਹਫ਼ਤਿਆਂ ਤੋਂ ਵੀ ਘੱਟ ਸਮੇਂ ਵਿਚ ਇਕ ਦੂਜੇ ਨੂੰ ਮਿਲਦੇ ਰਹਿ ਕੇ ਇਕ ਦੂਜੇ ਪ੍ਰਤੀ ਆਪਣਾ ਵਿਸ਼ਵਾਸ ਵਿਖਾਇਆ (ਰਸੂਲਾਂ ਦੇ ਕੰਮ 1:15)। ਰਸੂਲਾਂ ਅਤੇ ਔਰਤਾਂ ਦੇ ਇਲਾਵਾ ਯਿਸੂ ਦੇ ਭਰਾ ਵੀ ਉੱਥੇ ਸਨ। ਪਹਿਲਾਂ ਮਰੀਅਮ ਦੇ ਦੂਜੇ ਬੱਚੇ ਯਿਸੂ ਨੂੰ ਮਸੀਹ ਨਹੀਂ ਮੰਨਦੇ ਸਨ। ਉਨ੍ਹਾਂ ਨੇ ਯਿਸੂ ਨੂੰ ਮੋਅਜਜ਼ੇ ਕਰਕੇ ਆਪਣੇ ਦਾਅਵਿਆਂ ਨੂੰ ਸਾਬਤ ਕਰਨ ਲਈ ਡੇਰਿਆਂ ਦੇ ਪਰਬ ਵਿਚ ਨਾ ਜਾਣ 'ਤੇ ਮਜ਼ਾਕ ਕੀਤਾ ਸੀ (ਯੂਹੰਨਾ 7:1-5)। ਉਹਦੇ ਮਤਰਏ ਭਰਾਵਾਂ ਵਿੱਚੋਂ ਇਕ ਯਾਕੂਬ ਬਾਅਦ ਵਿਚ ਕਲੀਸੀਆ ਦਾ ਇਕ ਅਹਿਮ ਸ਼ਖ਼ਸ ਬਣ ਗਿਆ ਜਿਹਨੇ ਸੁੰਨਤ ਦੀ ਮੁਸ਼ਕਿਲ ਬਾਰੇ ਹੋਈ ਯਰੂਸ਼ਲਮ ਦੀ ਸਭਾ ਦੀ ਪ੍ਰਧਾਨਗੀ ਕੀਤੀ ਸੀ (ਰਸੂਲਾਂ ਦੇ ਕੰਮ 15:13)। ਉਹਦਾ ਜ਼ਿਕਰ ਯਰੂਸ਼ਲਮ ਦੀ ਕਲੀਸੀਆ ਦੇ ''ਥੰਮ੍ਹ'' ਦੇ ਤੌਰ 'ਤੇ ਵੀ ਕੀਤਾ ਗਿਆ (ਗਲਾਤੀਆਂ 1:19; 2:9, 12) ਅਤੇ ਉਹਨੂੰ ਨਵੇਂ ਨੇਮ ਦੀ ਇਕ ਪੱਤਰੀ ਲਿਖਣ ਲਈ ਖ਼ੁਦਾ ਦੀ ਪ੍ਰੇਰਣਾ ਵੀ ਮਿਲੀ ਸੀ (ਯਾਕੂਬ 1:1)।

ਯਿਸੂ ਦੀ ਗ੍ਰਿਫ਼ਤਾਰੀ ਅਤੇ ਮੁਕੱਦਮਿਆਂ ਨੂੰ ਲੈ ਕੇ ਪੈਂਟੀਕਾਸਟ ਵਾਲੇ ਦਿਨ ਤਕ ਕਈ ਨਾਟਕੀ ਬਦਲਾਅ ਹੋਏ। ਪਹਿਲਾਂ ਤਾਂ ਉਹ ਪਰੇਸ਼ਾਨ ਹੋ ਗਏ ਸਨ; ਪਰ ਬਾਅਦ ਵਿਚ ਉਨ੍ਹਾਂ ਸਭ 'ਤੇ ਪ੍ਰਭੂ ਯਿਸੂ ਦਾ ਬੜਾ ਭੈਅ (ਆਦਰ) ਸੀ (ਰਸੂਲਾਂ ਦੇ ਕੰਮ 2:43)। ਪਹਿਲੇ ਮਸੀਹੀ ਵਿਸ਼ਵਾਸ ਅਤੇ ਅਮਲਾਂ ਵਿਚ ਏਕਤਾ ਵਿਖਾਉਂਦੇ ਸਨ; ਇਕ ਦੂਜੇ ਦਾ ਪਿਆਰ ਨਾਲ ਧਿਆਨ ਰੱਖਦੇ ਅਤੇ ਹਮਦਰਦੀ ਕਰਦੇ ਸਨ; ਅਤੇ ਉਨ੍ਹਾਂ ਦੀ ਬੰਦਗੀ ਵਿਚ ਏਕਤਾ ਅਤੇ ਸੰਗਤੀ ਦਾ ਗੂੜ੍ਹਾ ਸਬੰਧ ਮਿਲਦਾ ਸੀ (ਰਸੂਲਾਂ ਦੇ ਕੰਮ 2:42-44) ਉਹ ਆਪਣੇ ਸਾਥੀ ਮਸੀਹੀਆਂ ਦੀਆਂ ਲੋੜਾਂ ਦਿਲੋ-ਜਾਨ ਨਾਲ ਪੂਰੀਆਂ ਕਰਦੇ ਸਨ ਜਿਸਦੀ ਨਾ ਤਾਂ ਇਸ ਤੋਂ ਪਹਿਲਾਂ ਕੋਈ ਮਿਸਾਲ ਸੀ ਅਤੇ ਨਾ ਬਾਅਦ ਵਿਚ ਹੈ (ਰਸੂਲਾਂ ਦੇ ਕੰਮ 2:44, 45; 4:32-35)। ਉਨ੍ਹਾਂ ਦੀਆਂ ਜ਼ਿੰਦਗੀਆਂ ਵਿਚ ਕੁਝ ਅਜਿਹਾ ਹੋਇਆ ਸੀ ਜਿਸ ਤੋਂ ਦੁਨੀਆਂ ਦੀ ਸਭ ਤੋਂ ਮਸ਼ਹੂਰ ਵਚਨਬੱਧਤਾ ਦੀ ਅਵਾਜ਼ ਸੁਣਾਈ ਦਿੰਦੀ ਹੈ।

## ਦੂਜਿਆਂ ਦੀ ਵਚਨਬੱਧਤਾ

ਆਓ ਰਸੂਲਾਂ ਦੇ ਕੰਮ ਕਿਤਾਬ ਵਿਚ ਉਨ੍ਹਾਂ ਬਹੁਤ ਸਾਰੇ ਹਿੰਮਤੀ ਲੋਕਾਂ ਨੂੰ ਵੇਖਦੇ ਹਾਂ ਜਿਨ੍ਹਾਂ ਨੇ ਆਪਣੀਆਂ ਜ਼ਿੰਦਗੀਆਂ ਮਸੀਹ ਨੂੰ ਦੇ ਦਿੱਤੀਆਂ ਸਨ। ਬਰਨਾਬਾਸ ਨਾਂਅ ਦੇ ਇਕ ਲੇਵੀ ਦਾ ਕੁਪਰੁਸ ਟਾਪੂ 'ਤੇ ਖੇਤ ਸੀ; ਅਤੇ ਜਦ ਅਰੰਭਿਕ ਚੇਲਿਆਂ ਨੂੰ ਕੁਝ ਧਨ ਦੀ ਲੋੜ ਪਈ ਤਾਂ ਉਹਨੇ ਉਹ ਖੇਤ ਵੇਚ ਦਿੱਤਾ ਅਤੇ ਧਨ ਲੋੜਵੰਦਾਂ ਵਿਚ ਦੇਣ ਲਈ ਰਸੂਲਾਂ ਦੇ ਕਦਮਾਂ 'ਚ ਰੱਖ ਦਿੱਤਾ (ਰਸੂਲਾਂ ਦੇ ਕੰਮ 4:36, 37)। ਬਾਅਦ ਵਿਚ ਉਹਨੇ ਉਨ੍ਹਾਂ ਭਾਈਆਂ ਕੋਲ ਤਰਸੁਸ ਦੇ ਉਸ ਸੌਲੁਸ ਦੀ ਸਿਫ਼ਾਰਸ਼ ਵੀ ਕੀਤੀ ਜਿਹਦੇ ਖ਼ਤਰਨਾਕ ਸਤਾਵਾਂ ਕਰਕੇ ਉਹ ਭੈਭੀਤ ਸਨ (ਰਸੂਲਾਂ ਦੇ ਕੰਮ 9:26, 27)। ਜ਼ਾਹਿਰ ਹੈ ਕਿ ਬਰਨਾਬਾਸ ਨੇ ਆਪਣੀ ਜ਼ਿੰਦਗੀ

ਪ੍ਰਭੂ ਦੀ ਸੇਵਾ ਲਈ ਦੇ ਦਿੱਤੀ ਸੀ, ਕਿਉਂਕਿ ਉਹ ਪਹਿਲੀ ਯਾਤਰਾ ਵਿਚ ਪੌਲੁਸ ਦੇ ਨਾਲ ਸੀ (ਰਸੂਲਾਂ ਦੇ ਕੰਮ 13:2)। ਉਹ ਯਾਤਰਾ ਦੇ ਅਖ਼ੀਰ ਵਿਚ ਉਹ ਸੁੰਨਤ ਦੀ ਮੁਸ਼ਕਿਲ 'ਤੇ ਵਿਚਾਰ ਕਰਨ ਲਈ ਯਰੂਸ਼ਲਮ ਵਿਚ ਉਹ ਪੌਲੁਸ ਦੇ ਨਾਲ ਸੀ (ਗਲਾਤੀਆਂ 2:1); ਪਰ ਉਹਨੂੰ ਪਤਰਸ ਨਾਲ ਗੁਮਰਾਹਕੁੰਨ ਕੰਮ ਕਰਨ ਲਈ ਲਿਜਾਇਆ ਗਿਆ ਸੀ ਜਿਸ ਤੋਂ ਪੌਲੁਸ ਨੂੰ ਲੱਗਾ ਕਿ ਉਨ੍ਹਾਂ ਨੂੰ ਝਿੜਕਣਾ ਚਾਹੀਦਾ ਹੈ (ਗਲਾਤੀਆਂ 2:13, 14)। ਬਰਨਾਬਾਸ ਅੰਤਾਕੀਆ ਵਿਚ ਇਕ ਮਸ਼ਹੂਰ ਸਿੱਖਿਅਕ ਅਤੇ ਪ੍ਰਚਾਰਕ (ਰਸੂਲਾਂ ਦੇ ਕੰਮ 15:35) ਪੌਲੁਸ ਤੋਂ ਵੱਖ ਹੋਣ ਦੇ ਬਾਅਦ ਹੋਰ ਮਿਸ਼ਨਰੀ ਯਾਤਰਾਵਾਂ ਵੀ ਕਰਦਾ ਰਿਹਾ (ਰਸੂਲਾਂ ਦੇ ਕੰਮ 15:39) ਕਿਉਂਕਿ ਉਹ ਵੀ ਮਸੀਹ ਪ੍ਰਤੀ ਵਚਨਬੱਧ ਸੀ।

ਗ਼ੈਰ ਮਾਮੂਲੀ ਸ਼ਕਤੀ ਵਾਲਾ ਇਕ ਹਲੀਮ ਪ੍ਰਚਾਰਕ ਇਸਤੀਫ਼ਾਨ, ਮਜ਼ਬੂਤੀ ਅਤੇ ਦਲੇਰੀ ਨਾਲ ਪ੍ਰਭੂ ਪ੍ਰਤੀ ਵਚਨਬੱਧ ਸੀ। ਉਹ ਖੂੰਖਾਰ ਬਣ ਚੁਕੇ ਯਹੂਦੀਆਂ ਤੋਂ ਡਰਿਆ ਨਹੀਂ; ਆਪਣੀ ਜਾਨ ਗਵਾ ਕੇ ਵੀ ਉਹਨੇ ਆਪਣੇ ਕਾਤਲਾਂ ਲਈ ਦੁਆ ਕੀਤੀ (ਰਸੂਲਾ ਦੇ ਕੰਮ 7:54-60)।

ਫ਼ਿਲਿੱਪੁਸ ਉਨ੍ਹਾਂ ਚੁਣੇ ਹੋਏ ਸੇਵਕਾਂ ਵਿੱਚੋਂ ਸੀ ਜਿਨ੍ਹਾਂ ਨੇ ਚੇਲਿਆਂ ਵਿਚ ਕੁਝ ਯੂਨਾਨੀ ਵਿਧਵਾਵਾਂ ਦੇ ਨਜ਼ਰਅੰਦਾਜ਼ ਹੋਣ ਦੀ ਗੱਲ ਨੂੰ ਸੁਧਾਰਣ ਵਿਚ ਮਦਦ ਕੀਤੀ ਸੀ (ਰਸੂਲਾਂ ਦੇ ਕੰਮ 6:1-5)। ਬਾਅਦ ਵਿਚ ਉਹ ਪ੍ਰਚਾਰ ਕਰਨ ਲਈ ਯਰੂਸ਼ਲਮ 'ਚੋਂ ਨਿਕਲ ਕੇ ਸਾਮਰੀਆ ਵਿਚ ਦਾਖ਼ਲ ਹੋਇਆ ਜਿਸ ਦੇ ਸਿੱਟੇ ਵਜੋਂ ਬਹੁਤ ਸਾਰੇ ਲੋਕਾਂ ਨੇ ਪ੍ਰਭੂ ਨੂੰ ਕਬੂਲ ਕੀਤਾ (ਰਸੂਲਾ ਦੇ ਕੰਮ 8:5, 6)। ਫ਼ਰਿਸ਼ਤੇ ਦੇ ਕਹਿਣ 'ਤੇ ਉਹ ਉਸ ਮਹਾਨ ਕੰਮ ਨੂੰ ਛੱਡ ਕੇ ਉਸ ਨੂੰ ਇੰਜੀਲ ਸੁਣਾਉਣ ਦਾ ਇਕ ਹੋਰ ਮੌਕਾ ਮਿਲਿਆ ਜਦ ਉਹਨੇ ਕੂਸ਼ ਦੇਸ਼ ਦੇ ਖ਼ਜ਼ਾਨਚੀ ਨੂੰ ਉਹਦੇ ਰੱਥ ਵਿਚ ਬਹਿ ਕੇ ''ਯਿਸੂ ਦੀ ਖ਼ੁਸ਼ਖ਼ਬਰੀ ਸੁਣਾਈ'' (ਰਸੂਲਾਂ ਦੇ ਕੰਮ 8:26-35)। ਬਾਅਦ ਵਿਚ ਉਹਨੇ ਅਸ਼ਦੋਦ ਵਿਚ ਪ੍ਰਚਾਰ ਕੀਤਾ ਅਤੇ ਕੈਸਰੀਆ ਨੂੰ ਜਾਂਦਿਆਂ ਉਹ ਸਭ ਸ਼ਹਿਰਾਂ ਵਿਚ ਪ੍ਰਚਾਰ ਕਰਦਾ ਗਿਆ (ਰਸੂਲਾਂ ਦੇ ਕੰਮ 8:40)। ਉਹਨੂੰ ਕਈ ਸਾਲਾਂ ਬਾਅਦ ਕੈਸਰੀਆ ਵਿਚ ਇੰਜੀਲ ਦੇ ਪ੍ਰਚਾਰਕ ਭਾਵ ਇਵੈਂਜਲਿਸਟ ਦੇ ਤੌਰ 'ਤੇ ਵਿਖਾਇਆ ਗਿਆ ਸੀ; ਅਤੇ ਉਹਦੀਆਂ ਚਾਰ ਧੀਆਂ ਸਨ ਜੋ ਨਬੂਵਤ ਕਰਦੀਆਂ ਸਨ। ਜਦ ਪੌਲੁਸ ਅਤੇ ਉਹਦੇ ਸਾਥੀ ਤੀਜੀ ਮਿਸ਼ਨਰੀ ਯਾਤਰਾ ਤੋਂ ਪਰਤੇ ਤਾਂ ਉਹਨੇ ਉਨ੍ਹਾਂ ਦੀ ਖਾਤਰ ਕੀਤੀ (21:8)। ਉਹਦੀ ਜ਼ਿੰਦਗੀ ਮਸੀਹ ਲਈ ਸਮਰਪਤ ਸੀ।

ਤਰਸੁਸ ਦਾ ਸੌਲੁਸ ਸਲੀਬ ਦੇ ਮਸ਼ਹੂਰ ਸਿਪਾਹੀਆਂ ਵਿੱਚੋਂ ਸੀ, ਜੋ ਆਪਣੇ ਸਾਰੇ ਕੰਮ ਬੇਧੜਕ ਹੋ ਕੇ ਕਰਦਾ ਸੀ (ਰਸੂਲਾਂ ਦੇ ਕੰਮ 9:27-29)। ਪਹਿਲਾਂ ਉਹ ਐਨਾ ਹੀ ਬੇਧੜਕ ਹੋ ਕੇ ਮਸੀਹੀ ਲੋਕਾਂ ਨੂੰ ਸਤਾਉਂਦਾ ਸੀ (ਰਸੂਲਾਂ ਦੇ ਕੰਮ 7:58; 8:1; 9:21)। ਯਿਸੂ ਨੂੰ ਮਸੀਹ ਮੰਨ ਕੇ ਉਹਦੇ ਪ੍ਰਤੀ ਵਚਨਬੱਧਤਾ ਦਾ ਉਹਦਾ ਫ਼ੈਸਲਾ ਮੁੱਢਲੀ ਕਲੀਸੀਆ ਦੇ ਇਤਿਹਾਸ ਦੀਆਂ ਬੇਹਤਰੀਨ ਘਟਨਾਵਾਂ ਵਿੱਚੋਂ ਇਕ ਹੈ। ਉਹਦੇ ਮੰਨ ਨੂੰ ਇਸ ਸੱਚਿਆਈ ਨਾਲੋਂ ਕੌਣ ਬਦਲ ਸਕਦਾ ਸੀ ਕਿ ਯਿਸੂ ਮੁਰਦਿਆਂ ਵਿੱਚੋਂ ਜੀ ਉੱਠ ਕੇ ਖ਼ੁਦਾ ਦਾ ਬੇਟਾ ਸਾਬਤ ਹੋ ਗਿਆ ਹੈ (ਰੋਮੀਆਂ 1:4)? ਲੂਕਾ ਨੇ ਲਿਖਿਆ ਹੈ ਕਿ ਇਸ ਸਤਾਉਣ ਵਾਲੇ ਦੀ ਮਨਬਦਲੀ ਦੇ ਬਾਅਦ ਫ਼ਲਸਤੀਨ ਦੇ ਤਿੰਨ ਰਾਜਾਂ ਦੀਆਂ ਮੰਡਲੀਆਂ ਨੇ ਸ਼ਾਂਤੀ ਪਾਈ ਜਿਸ ਨਾਲ ਉਹ ਬੜੀ ਤੇਜੀ ਨਾਲ ਵਧੀਆਂ (ਰਸੂਲਾਂ ਦੇ ਕੰਮ 9:31)। ਯਿਸੂ ਨਾਲ ਸੌਲੁਸ ਦੀ ਵਚਨਬੱਧਤਾ ਨੇ ਮੁਢਲੀ ਕਲੀਸੀਆ ਵਿਚ ਬਹੁਤ ਵੱਡਾ ਬਦਲਾਅ ਲਿਆਂਦਾ!

ਯਾੱਪਾ ਦੀ ''ਸ਼ੁੱਭ ਕਰਮਾਂ ਅਤੇ ਪੁੰਨ ਦਾਨ ਕਰਨ ਵਿਚ'' ਰੁੱਝੀ ਰਹਿਣ ਵਾਲੀ ਦੋਰਕਸ ਨੇ

ਦੂਜਿਆਂ ਦੀ ਦੇਖਭਾਲ ਕਰਕੇ ਇਕ ਸ਼ਾਂਤ ਅਤੇ ਜ਼ਬਰਦਸਤ ਵਚਨਬੱਧਤਾ ਵਿਖਾਈ। ਉਹਨੇ ਪ੍ਰਭੂ ਦੀ ਸੇਵਾ ਵਿਚ ਲੋਕਾਂ ਦੀ ਮਦਦ ਕਰਨ ਲਈ ਆਪਣੇ ਆਪ ਨੂੰ ਦੇ ਦਿੱਤਾ। ਜਿਸ ਨਾਲ ਬਹੁਤ ਸਾਰੇ ਲੋਕਾਂ ਵਿਚ ਉਹ ਦਾ ਬੜਾ ਨਾਂਅ ਹੋਇਆ (ਰਸੂਲਾਂ ਦੇ ਕੰਮ 9:36-39)। ਪ੍ਰਭੂ ਲਈ ਉਹਦੀ ਵਚਨਬੱਧਤਾ ਦੇ ਸਾਫ਼ ਸਬੂਤ ਉਹਦੀ ਮੌਤ ਦੇ ਬਾਅਦ ਉਹਦੇ ਕੰਮਾ ਅਤੇ ਉਹਦੀ ਖੁਲ੍ਹਦਿੱਲੀ ਵਿਚ ਵੇਖੇ ਜਾ ਸਕਦੇ ਸਨ।

ਕੁਰਨੇਲਿਉਸ ਵੀ ਅਜਿਹਾ ਹੀ ਇਕ ਭਲਾ ਅਤੇ ਖ਼ੁਦਾ ਤੋਂ ਡਰਨ ਵਾਲਾ ਬੰਦਾ ਸੀ ਜਿਹਦੇ ਸੁਭਾਅ ਦੀ ਤੁਲਨਾ ਸ਼ਾਇਦ ਅੱਜ ਵੀ ਬਹੁਤ ਘੱਟ ਲੋਕਾਂ ਦੇ ਸੁਭਾਅ ਨਾਲ ਕੀਤੀ ਜਾ ਸਕਦੀ ਹੈ (ਰਸੂਲਾਂ ਦੇ ਕੰਮ 10:1, 2, 22)। ਉਹ ਗ਼ੈਰ ਕੌਮਾਂ ਵਿੱਚੋਂ ਪ੍ਰਭੂ ਨੂੰ ਕਬੂਲ ਕਰਨ ਵਾਲਾ ਪਹਿਲਾ ਬੰਦਾ ਸੀ ਅਤੇ ਮਜ਼ਹਬੀ ਮੁਤਅੱਸਬਾਂ ਨੂੰ ਤੋੜਨ ਲਈ ਯਿਸੂ ਦੇ ਕੰਮ ਵਿਚ ਉਹਦੀ ਮਨਬਦਲੀ ਦੀ ਕਹਾਣੀ ਮੀਲ ਦਾ ਇਕ ਪੱਥਰ ਹੈ।

ਸਰਗਿਉਸ ਪੌਲੁਸ ਕੁਪਰੁਸ ਟਾਪੂ 'ਤੇ ਪਾਫ਼ੁਸ ਵਿਚ ਡਿਪਟੀ ਭਾਵ ਇਕ ਰਹਿਨੁਮਾ ਸੀ। ਇਲਮਾਸ ਜਾਦੂਗਰ ਨੂੰ ਪੌਲੁਸ ਦੇ ਕੰਮ ਦਾ ਧੋਖੇ ਅਤੇ ਫ਼ਰੇਬ ਨਾਲ ਵਿਰੋਧ ਕਰਨ 'ਤੇ ਉਹਨੂੰ ਪੌਲੁਸ ਵੱਲੋਂ ਆਰਜੀ ਤੌਰ 'ਤੇ ਅੰਨ੍ਹਾ ਕਰਦਿਆਂ ਵੇਖ ਕੇ ਉਹਨੇ ਆਪਣੇ ਆਪ ਨੂੰ ਮਸੀਹ ਸਾਹਮਣੇ ਸੌਂਪ ਦਿੱਤਾ ਸੀ (ਰਸੂਲਾਂ ਦੇ ਕੰਮ 13:6-12)।

ਲੁਦੀਆ ਫ਼ਿਲਿੱਪੈ ਵਿਚ ਆਉਣ ਵਾਲੀ ਥੁਆਤੀਰਾ ਦੀ ਇਕ ਵਪਾਰੀ ਔਰਤ ਸੀ, ਜੋ ਬੰਦਗੀ ਵਿਚ ਕਿਤੇ ਪੌਲੁਸ ਨੂੰ ਮਿਲੀ ਸੀ। ਪਹਿਲਾਂ ਹੀ ਖ਼ੁਦਾ ਦੀ ਬੰਦਗੀ ਕਰਨ ਵਾਲੀ ਹੋਣ ਕਰਕੇ ਉਹਨੇ ਛੇਤੀ ਨਾਲ ਸੱਚਿਆਈ ਨੂੰ ਕਬੂਲ ਕਰ ਲਿਆ ਅਤੇ ਉਹਦੇ ਸਾਥੀਆਂ ਨੂੰ ਆਪਣੇ ਘਰ ਲਿਜਾਣ ਵਿਚ ਕਾਮਯਾਬ ਹੋ ਗਈ (ਰਸੂਲਾਂ ਦੇ ਕੰਮ 16:13-15)। ਖੁੱਲ੍ਹ ਦਿਲੀ ਅਤੇ ਪ੍ਰਾਹੁਣਚਾਰੀ ਕਰਨਾ ਉਹਦੀ ਵਚਨਬੱਧਤਾ ਦੇ ਸਬੂਤ ਸਨ।

ਫ਼ਿਲਿੱਪੈ ਦੇ ਦਰੋਗੇ ਦੀ ਪਰਿਵਾਰ ਸਣੇ ਮਸੀਹੀ ਬਣਨ ਨਾਲ ਜ਼ਿੰਦਗੀ ਹੀ ਬਦਲ ਗਈ ਸੀ (ਰਸੂਲਾਂ ਦੇ 16:27-34)। ਉਹਨੇ ਝੱਟ ਜ਼ਖ਼ਮੀ ਹੋਏ ਆਪਣੇ ਕੈਦੀਆਂ, ਪੌਲੁਸ ਅਤੇ ਸੀਲਾਸ ਦੀ ਖ਼ਾਤਰ ਕਰਕੇ ਪਛਤਾਵਾ ਜ਼ਾਹਿਰ ਕੀਤਾ। ਉਹਨੇ ਉਨ੍ਹਾਂ ਨੂੰ ਆਪਣੇ ਘਰ ਲਿਜਾ ਕੇ ਉਨ੍ਹਾਂ ਦੇ ਜ਼ਖ਼ਮ ਧੋਤੇ ਅਤੇ ਉਨ੍ਹਾਂ ਨੂੰ ਖਾਣਾ ਖਵਾਇਆ।

ਕੁਰਿੰਥੁਸ ਦੇ ਸਿਨਾਗੋਗ ਦਾ ਇਕ ਯਹੂਦੀ ਹਾਕਮ ਕ੍ਰਿਸਪੁਸ ਆਪਣੇ ਸਾਥੀ ਯਹੂਦੀਆਂ ਦੀ ਨਿੰਦਾ ਦਾ ਵਿਰੋਧ ਕਰਦਿਆਂ ਪੌਲੁਸ ਦੇ ਨਾਲ ਹੋ ਗਿਆ ਸੀ। ਉਹ ਮਸੀਹ ਵਿਚ ਬਪਤਿਸਮਾ ਲੈਣ ਦੇ ਆਪਣੇ ਫ਼ੈਸਲੇ ਵਿਚ ਪਹਿਲਾਂ ਨਾਲੋਂ ਕੁਝ ਜ਼ਿਆਦਾ ਇਕੱਲ੍ਹਾ ਲੱਗਾ, ਪਰ ਲੂਕਾ ਦੇ ਕਹਿਣ ਤੋਂ ਭਾਵ ਹੈ ਕਿ ਮਸੀਹ ਵਿਚ ਉਹਦੀ ਮਨਬਦਲੀ ਨਾਲ ਹੋਰ ਕੁਰਿੰਥੀਆਂ ਨੇ ਵੀ ਵਿਸ਼ਵਾਸ ਕਰਕੇ ਬਪਤਿਸਮਾ ਲਿਆ (ਰਸੂਲਾਂ ਦੇ ਕੰਮ 18:8)। ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਸਿਨਾਗੋਗ ਦਾ ਅਜਿਹਾ ਹਾਕਮ ਕਿੰਨਾ ਮਸ਼ਹੂਰ ਹੋਵੇਗਾ; ਮਸੀਹ ਪ੍ਰਤੀ ਉਹਦੀ ਵਚਨਬੱਧਤਾ ਨਾਲ ਕੁਰਿੰਥੁਸ ਦਾ ਸਾਰਾ ਯਹੂਦੀ ਸਮਾਜ ਬੁਰੀ ਤਰ੍ਹਾਂ ਨਾਲ ਹਿੱਲ ਗਿਆ ਹੋਵੇਗਾ।

ਰਸੂਲਾਂ ਦੇ ਕੰਮ ਕਿਤਾਬ ਵਿਚ ਅਪੁੱਲੋਸ ਨਾਂਅ ਦੇ ਇਕ ਸਿੱਖਿਆ ਦੇਣ ਬਾਰੇ ਵੀ ਦੱਸਿਆ ਗਿਆ ਹੈ ਜਿਸ ਨੂੰ ਹੋਰ ਸਿੱਖਿਆ ਦੀ ਲੋੜ ਸੀ। ਯੂਹੰਨਾ ਬਪਤਿਸਮਾ ਦੇਣ ਵਾਲੇ ਦੀ ਸਿੱਖਿਆ ਤੋਂ ਲੈ ਕੇ, ਉਹ ਸੱਚਿਆਈ ਨੂੰ ਰੌਸ਼ਨ ਕਰਨ ਲੱਗਾ ਸੀ। ਕਲੀਸੀਆ ਦੇ ਕਾਇਮ ਹੋਣ ਤੋਂ ਬਾਅਦ, ਯਹੂੰਨਾ ਬਪਤਿਸਮਾ ਦੇਣ ਵਾਲੇ ਦੀ ਸਿੱਖਿਆ ਅਮਲ 'ਚ ਨਹੀਂ ਰਹਿ ਗਈ ਸੀ, ਕਿਉਂਕਿ ਯਿਸੂ ਮਰ ਚੁੱਕਿਆ ਸੀ ਅਤੇ ਰਾਜ ਭਾਵ ਪ੍ਰਭੂ ਦੀ ਕਲੀਸੀਆ ਇਸ ਧਰਤੀ 'ਤੇ ਸ਼ੁਰੂ

ਹੋ ਚੁੱਕੀ ਸੀ (ਰਸੂਲਾਂ ਦੇ ਕੰਮ 18:24, 25)। ਅਫ਼ਸੁਸ ਵਿਚ ਅਪੁੱਲੋਸ ਦੇ ਕੰਮ ਨਾਲ ਦਰਜਨਭਰ ਲੋਕ ਸਨ ਜਿਨ੍ਹਾਂ ਨੇ ਯੂਹੰਨਾ ਦਾ ਬਪਤਿਸਮਾ ਲਿਆ ਸੀ ਪਰ ਹੁਣ ਉਹ ਲਾਗੂ ਨਹੀਂ ਸੀ। ਪੌਲੁਸ ਨੇ ਉਨ੍ਹਾਂ ਨੂੰ ਮਸੀਹ ਵੱਲੋਂ ਦਿੱਤੇ ਹੁਕਮ ਮੁਤਾਬਕ ਮਸੀਹ ਵਿਚ ਡੁਬਕੀ ਦਾ ਬਪਤਿਸਮਾ ਦਿੱਤਾ।[1] ਉਨ੍ਹਾਂ ਦੀ ਪਹਿਲਾਂ ਲਈ ਹੋਈ ਡੁਬਕੀ ਹੁਣ ਪੁਰਾਣੀ ਹੋ ਚੁੱਕੀ ਸੀ, ਜਿਸ ਨਾਲ ਉਨ੍ਹਾਂ ਨੂੰ ਰੂਹਾਨੀ ਤੌਰ 'ਤੇ ਕੋਈ ਫ਼ਾਇਦਾ ਨਹੀਂ ਹੋਇਆ ਸੀ। ਪੌਲੁਸ ਅਫ਼ਸੁਸ ਵਿਚ ਯਿਸੂ ਦੇ ਕਿਸੇ ਵੀ ਕਿਸਮ ਦੇ ਚੇਲਿਆਂ ਨੂੰ ਪਾ ਕੇ ਹੈਰਾਨ ਸੀ, ਕਿਉਂਕਿ ਇੰਜੀਲ ਨੂੰ ਕਿਸੇ ਸ਼ਹਿਰ ਵਿਚ ਲਿਜਾਣ ਵਿਚ ਆਮ ਤੌਰ 'ਤੇ ਪਹਿਲ ਓਹੀ ਕਰਦਾ ਸੀ। ਜਦ ਉਹਨੂੰ ਪਤਾ ਲੱਗਾ ਕਿ ਪਵਿੱਤਰ ਆਤਮਾ ਬਾਰੇ ਉਨ੍ਹਾਂ ਨੂੰ ਕੁਝ ਪਤਾ ਨਹੀਂ ਹੈ ਤਾਂ ਉਹਨੇ ਉਨ੍ਹਾਂ ਦੇ ਬਪਤਿਸਮੇ ਬਾਰੇ ਪੁੱਛਿਆ (ਰਸੂਲਾਂ ਦੇ ਕੰਮ 19:1-7)। ਉਹਨੇ ਉਨ੍ਹਾਂ ਬਾਰ੍ਹਾਂ ਨੂੰ ਬਪਤਿਸਮਾ ਦੇ ਕੇ ਉਨ੍ਹਾਂ ਦੀਆਂ ਜ਼ਿੰਦਗੀਆਂ ਵਿਚ ਨਵਾਂ ਜਨਮ ਲਿਆ ਕੇ ਉਨ੍ਹਾਂ ਦੀ ਗ਼ਲਤੀ ਨੂੰ ਸੁਧਾਰਿਆ।

ਜਦ ਪ੍ਰਿਸਕਿੱਲਾ ਅਤੇ ਅਕੂੱਲਾ ਅਪੁੱਲੋਸ ਨੂੰ ਮਿਲੇ ਤਾਂ ਉਨ੍ਹਾਂ ਪਾਇਆ ਕਿ ਉਹ ਅਜੇ ਵੀ ਯੂਹੰਨਾ ਬਪਤਿਸਮਾ ਦੇਣ ਵਾਲੇ ਦੀ ਪੁਰਾਣੀ ਸਿੱਖਿਆ ਦੇ ਰਿਹਾ ਹੈ। ਉਨ੍ਹਾਂ ਨੇ ਉਹਨੂੰ ਇਕ ਪਾਸੇ ਲਿਜਾ ਕੇ ਹੋਰ ਚੰਗੀ ਤਰ੍ਹਾਂ ਸਿਖਾਇਆ, ਅਤੇ ਉਹਨੇ ਝੱਟ ਆਪਣੀ ਸਿੱਖਿਆ ਵਿਚ ਸੁਧਾਰ ਕਰ ਲਿਆ। ਬਾਅਦ ਵਿਚ ਉਹ ਪੌਲੁਸ ਲਈ ਇਕ ਅਹਿਮ ਅਤੇ ਜ਼ੋਰਦਾਰ ਪ੍ਰਚਾਰਕ ਦੇ ਤੌਰ 'ਤੇ ਕੰਮ ਕਰਦਾ ਰਿਹਾ (ਰਸੂਲਾਂ ਦੇ ਕੰਮ 18:26-28)।

ਅਪੁੱਲੋਸ ਵਚਨਬੱਧਤਾ ਦੀ ਇਕ ਪ੍ਰਮੁੱਖ ਮਿਸਾਲ ਹੈ। ਆਪਣੀ ਗ਼ਲਤੀ ਦਾ ਪਤਾ ਲੱਗਣ 'ਤੇ ਉਹ ਬਪਤਿਸਮੇ ਬਾਰੇ ਆਪਣੀ ਸਿੱਖਿਆ ਨੂੰ ਸੁਧਾਰਨ ਲਈ ਤਿਆਰ ਸੀ। ਪੌਲੁਸ ਨੇ ਬਾਅਦ ਵਿਚ ਅਫ਼ਸੁਸ ਦੇ ਮਸੀਹੀ ਲੋਕਾਂ ਨੂੰ ਯਾਦ ਦੁਆਇਆ ਕਿ ਉਨ੍ਹਾਂ ਦੀ ਮੁਕਤੀ ''ਕਿਰਪਾ ਦੇ ਰਾਹੀਂ'' ਹੀ ਹੋਈ ਸੀ (ਅਫ਼ਸੀਆਂ 2:8, 9); ਪਰ ਅਫ਼ਸੁਸ ਦੀ ਘਟਨਾ ਇਸ ਨਿਚੋੜ ਦੀ ਹਮਾਇਤ ਕਰਦੀ ਹੈ ਕਿ ''ਕਿਰਪਾ ਰਾਹੀਂ ਮੁਕਤੀ'' ਵਿਚ ਬਪਤਿਸਮਾ ਲੈਣਾ ਸ਼ਾਮਿਲ ਹੈ, ਭਾਵੇਂ ਉਹ ਦੁਬਾਰਾ ਬਪਤਿਸਮਾ ਲੈਣਾ ਹੀ ਕਿਉਂ ਨਾ ਹੋਵੇ। ਇਸ ਵਿਚ ਸੱਚਿਆਈ ਦੇ ਪੇਸ਼ ਕੀਤੇ ਜਾਣ 'ਤੇ ਪਿਛਲੀਆਂ ਗ਼ਲਤ ਧਾਰਨਾਵਾਂ ਦੀ ਗ਼ਲਤੀ ਸਾਹਮਣੇ ਆਉਣ ਨਾਲ ਸਿੱਖਿਆ ਵਿਚ ਬਦਲਾਅ ਲਿਆਉਣਾ ਵੀ ਸ਼ਾਮਿਲ ਹੈ।

ਪ੍ਰਿਸਕਿੱਲਾ ਅਤੇ ਅਕੂੱਲਾ ਪ੍ਰਭੂ ਦੇ ਕੰਮ ਵਿਚ ਬਾਰ-ਬਾਰ ਨਜ਼ਰ ਆਉਂਦੇ ਹਨ। ਪੌਲੁਸ ਨਾਲ ਉਨ੍ਹਾਂ ਦਾ ਪਹਿਲਾ ਜ਼ਿਕਰ ਕੁਰਿੰਥੁਸ ਵਿਚ ਹੋਇਆ ਹੈ (ਰਸੂਲਾਂ ਦੇ ਕੰਮ 18:1-3)। ਬਾਅਦ ਵਿਚ ਉਹ ਪੌਲੁਸ ਨਾਲ ਪ੍ਰਭੂ ਦੇ ਕੰਮ ਲਈ ਅਫ਼ਸੁਸ ਵਿਚ ਗਏ (18:18, 26)। ਉੱਥੇ ਰਹਿੰਦਿਆਂ ਉਹ ਪੌਲੁਸ ਨਾਲ ਆਪਣੇ ਪੁਰਾਣੇ ਜਾਣਕਾਰਾਂ ਨੂੰ ਸਲਾਮ ਆਖਦੇ ਹਨ (1 ਕੁਰਿੰਥੀਆਂ 16:19)। ਬਾਅਦ 'ਚ ਕਿਤੇ ਉਨ੍ਹਾਂ ਨੇ ਰੋਮ ਵਿਚ ਕੰਮ ਕੀਤਾ (ਰੋਮੀਆਂ 16:3), ਸ਼ਾਇਦ ਰੋਮ ਵਿਚ ਪੌਲੁਸ ਦੇ ਦੋ ਸਾਲ ਦੀ ਪਹਿਲੀ ਕੈਦ ਵੇਲੇ ਵੀ (ਰਸੂਲਾਂ ਦੇ ਕੰਮ 28:30, 31)। ਇਸ ਵਿਸ਼ਵਾਸੀ ਜੋੜੇ ਨੇ ਅਫ਼ਸੁਸ ਵਿਚ ਜਾ ਕੇ ਤਿਮੋਥਿਉਸ ਨਾਲ ਵੀ ਕੰਮ ਕੀਤਾ (2 ਤਿਮੋਥਿਉਸ 4:19)। 2 ਤਿਮੋਥਿਉਸ ਲਿਖੇ ਜਾਣ ਦੀ ਬਹੁਤੀ ਸੰਭਾਵਨਾ ਪੌਲੁਸ ਦੀ ਰੋਮੀ ਕੈਦ ਦੇ ਬਾਅਦ ਵੇਲੇ ਦੀ ਹੈ, ਇਸ ਕਰਕੇ ਇਹ ਮੰਨਿਆ ਜਾਂਦਾ ਹੈ ਕਿ ਨਵੇਂ ਨੇਮ ਵਿਚ ਅਫ਼ਸੁਸ ਵਿਚ ਅਕੂੱਲਾ ਅਤੇ ਪ੍ਰਿਸਕਿੱਲਾ ਦੀ ਇਹ ਆਖ਼ਰੀ ਝਲਕ ਹੈ। ਕਈ ਕਲੀਸੀਆਵਾਂ ਨਾਲ ਉਨ੍ਹਾਂ ਦੀਆਂ ਯਾਤਰਾਵਾਂ ਅਤੇ ਮਿਲ ਕੇ ਕੰਮ ਕਰਨ ਨਾਲ ਪ੍ਰਭੂ ਦੇ ਕੰਮ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਦਾ ਰਾਹ ਬਣ ਗਿਆ।

ਉਨੇਸਿਫ਼ਰਸ ਹਮਰਨ ਪਿਆਰਾ ਬੰਦਾ ਸੀ ਜੋ ਪੌਲੁਸ ਨੂੰ ਰੋਮ ਵਿਚ ਉਹਦੀ ਕੈਦ ਦੌਰਾਨ ਮਿਲਿਆ। ਪੌਲੁਸ ਨੇ ਕਿਹਾ ਕਿ ਜਦ ਬਹੁਤੇ ਲੋਕ ਉਹਨੂੰ ਛੱਡ ਗਏ ਸਨ ਤਾਂ ਉਨੇਸਿਫ਼ਰਸ ਨੇ ਉਹਨੂੰ ''ਤਾਜ਼ਾ ਦਮ ਕੀਤਾ'' (2 ਤਿਮੋਥਿਉਸ 1:15, 16)। ਉਨੇਸਿਫ਼ਰਸ ਪੌਲੁਸ ਨੂੰ ਦਲੇਰ ਕਰਦਾ ਸੀ, ਜਦ ਕਿ ਬਹੁਤਾ ਕਰਕੇ ਇਹੀ ਲਗਦਾ ਹੈ ਕਿ ਪੌਲੁਸ ਭਾਈਆਂ ਵਿਚ ਜਾ ਕੇ ਉਨ੍ਹਾਂ ਨੂੰ ਦਲੇਰ ਕਰਦਾ ਹੈ। ਉਨੇਸਿਫ਼ਰਸ ਨੂੰ ਪੌਲੁਸ ਨਾਲ ਮਿਲਣ ਲਈ ਉਹਨੂੰ ਲਭਣਾ ਪਿਆ ਅਤੇ ਉਹ ਪੌਲੁਸ ਨਾਲ ਜੇਲ੍ਹ ਵਿਚ (''ਮੇਰੇ ਸੰਗਲ'') ਹੋਣ 'ਤੇ ਸ਼ਰਮਾਇਆ ਨਹੀਂ। ਫਿਰ ਅਫ਼ਸੁਸ ਵਿਚ ਪ੍ਰਭੂ ਲਈ ਆਪਣੀ ਸੇਵਾ ਕਰਕੇ ਵੀ ਉਹ ਮਸ਼ਹੂਰ ਸੀ (2 ਤਿਮੋਥਿਉਸ 1:17, 18)। ਦਲੇਰੀ ਨਾਲ ਵਚਨਬੱਧਤਾ ਦੀ ਇਹ ਇਕ ਹੋਰ ਘਟਨਾ ਸੀ।

## ਸਾਰ

ਰਸੂਲਾਂ ਦੇ ਕੰਮ ਕਿਤਾਬ *ਦਲੇਰੀ* ਅਤੇ *ਵਚਨਬੱਧਤਾ* ਦੀ ਕਿਤਾਬ ਹੈ, ਨਾ ਕਿ ਸਮਝੌਤੇ ਅਤੇ ਸਹੂਲਤ ਦੀ। ਇਹ ਮਸੀਹ ਲਈ ਲੜਨ ਦੀ ਕਿਤਾਬ ਹੈ; ਅਤੇ ਕਿਸੇ *ਮਕਸਦ ਲਈ ਵਚਨਬੱਧਤਾ* ਦਾ ਜਜ਼ਬਾਤੀ ਬ੍ਰਿਤਾਂਤ ਵੀ ਹੈ। ਯਿਸੂ ਦੇ ਪਿੱਛੇ ਚੱਲਣਾ ਤਾਂ ਹੈ, ਜਿਸ ਵਿਚ ਕਦੇ-ਕਦੇ ਜਾਨ ਵੀ ਦੇਣੀ ਪੈ ਸਕਦੀ ਹੈ, ਪਰ ਇਸ ਕਿਤਾਬ ਵਿਚ ਵਿਸ਼ਵਾਸ ਨਾਲ ਯਿਸੂ ਦੇ ਪਿੱਛੇ ਚੱਲਣ ਨੂੰ ਵਿਖਾਇਆ ਗਿਆ ਹੈ। ਚੇਲਿਆਂ ਨੇ ਵਿਚਾਰ ਕਰਕੇ ਪਾਇਆ ਕਿ ਜੋ ਕੁਰਬਾਨੀ ਪਿਤਾ ਨੇ ਆਪਣੇ ਪੁੱਤਰ ਦੀ ਦਿੱਤੀ ਹੈ, ਉਸ ਤੋਂ ਵਧ ਕੇ ਹੋਰ ਕੁਰਬਾਨੀ ਨਹੀਂ ਹੋ ਸਕਦੀ। ਰਸੂਲਾਂ ਦੇ ਕੰਮ ਕਿਤਾਬ ਵਿਚ ਮਨਬਦਲੀ ਦੀ ਹਰ ਘਟਨਾ ਇਕ ਬੇਸ਼ਕੀਮਤੀ ਵਚਨਬੱਧਤਾ ਸੀ। ਯਿਸੂ ਨੇ ਕਿਹਾ ਕਿ ਉਹਦੇ ਪ੍ਰਤੀ ਸਮਰਪਣ ਲਈ ਆਪਣੇ ਆਪ ਤੋਂ ਇਨਕਾਰ ਕਰਨਾ ਪਹਿਲੀ ਸ਼ਰਤ ਹੈ (ਮੱਤੀ 16:24)।

ਯਿਸੂ ਸਾਥੋਂ ਉੱਤਮ ਚੀਜ਼ਾਂ ਤੋਂ ਘੱਟ ਕੁਝ ਵੀ ਕਬੂਲ ਨਹੀਂ ਕਰਦਾ। ਰਲੇ-ਮਿਲੇ ਮਸੀਹੀ ਹੋਣਾ ਕਾਫੀ ਨਹੀਂ ਹੈ। ਦਿਲ ਨੂੰ ਥੋੜ੍ਹਾ ਜਿਹਾ ਮਸੀਹ ਦੇ ਅਤੇ ਥੋੜ੍ਹਾ ਜਿਹਾ ਦੁਨੀਆਂ ਨੂੰ ਸਮਰਪਤ ਨਹੀਂ ਕੀਤਾ ਜਾ ਸਕਦਾ। ਦੁਨੀਆਂ ਨਾਲ ਦੋਸਤੀ ''ਖ਼ੁਦਾ ਨਾਲ ਵੈਰ ਕਰਨਾ ਹੈ'' (ਯਾਕੂਬ 4:4)। ਯਿਸੂ ਦੇ ਪਿੱਛੇ ਚੱਲਣ ਦਾ ਇੱਕੋ ਇਕ ਢੰਗ ਪੂਰੇ ਦਿਲ ਨਾਲ ਭਾਵ ਸੌ ਫ਼ੀਸਦੀ ਉਹਦੇ ਪਿੱਛੇ ਚੱਲਣਾ ਹੈ। ਜਿਸ ਵਿਚ ਪੂਰੀ ਤਰ੍ਹਾਂ ਨਾਲ ਅਤੇ ਮੁਕੰਮਲ ਤਰੀਕੇ ਨਾਲ ਆਪਣੇ ਆਪ ਨੂੰ ਉਹਦੀ ਸੇਵਾ ਲਈ ਦਿੱਤਾ ਜਾ ਸਕੇ। ਪਹਿਲਾ ਅਤੇ ਸਭ ਤੋਂ ਵੱਡਾ ਹੁਕਮ ਅੱਜ ਵੀ ਆਪਣੇ ਖ਼ੁਦਾ ਨੂੰ ਆਪਣੇ ਸਾਰੇ ਦਿਲ ਅਤੇ ਆਪਣੀ ਸਾਰੀ ਜਾਨ ਅਤੇ ਆਪਣੀ ਸਾਰੀ ਸਮਝ ਨਾਲ ਪਿਆਰ ਕਰਨਾ ਹੈ (ਮੱਤੀ 22:37, 38)।

---
ਟਿੱਪਣੀ

[1]ਅਪੁੱਲੋਸ ਦਾ ਆਪਣਾ ਬਪਤਿਸਮਾ ਬੇਸ਼ੱਕ ਸਹੀ ਸੀ, ਕਿਉਂਕਿ ਉਹਨੂੰ ਬਪਤਿਸਮਾ ਉਦੋਂ ਦਿੱਤਾ ਗਿਆ ਸੀ ਜਦ ਯੂਹੰਨਾ ਦਾ ਬਪਤਿਸਮਾ ਅਮਲ ਵਿਚ ਸੀ। ਇਸ ਤੱਥ ਨਾਲ ਕਿ ਲੋਕਾਂ ਨੇ ਅਪੁੱਲੋਸ ਨੂੰ ਦੁਬਾਰਾ ਬਪਤਿਸਮੇ ਦੇ ਕਿਸੇ ਵੀ ਜ਼ਿਕਰ ਨੂੰ ਛੱਡ ਕੇ ਓਸੇ ਸੰਦਰਭ ਵਿਚ ਖ਼ਾਸ ਤੌਰ 'ਤੇ ਕਿਹਾ ਕਿ ਬਾਰ੍ਹਾਂ ਚੇਲਿਆਂ ਦਾ ਬਪਤਿਸਮਾ ਦੁਬਾਰਾ ਹੋਇਆ, ਇਹ ਨਿਚੋੜ ਨਿੱਕਲ ਸਕਦਾ ਹੈ ਕਿ ਯੂਹੰਨਾ ਦੇ ਬਪਤਿਸਮਾ ਨਾਲ ਸਹੀ ਵਕਤ 'ਤੇ ਬਪਤਿਸਮਾ ਲੈਣ ਵਾਲਿਆਂ ਨੂੰ ਰਸੂਲਾਂ ਦੇ ਕੰਮ 2 ਅਧਿਆਇ ਵਾਲੇ ਪੈਂਟੀਕਾਸਟ ਦੇ ਦਿਨ ਦੁਬਾਰਾ ਬਪਤਿਸਮਾ ਲੈਣ ਦੀ ਲੋੜ ਨਹੀਂ ਸੀ।

© 2009 Truth for Today